## ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਹਸਪਤਾਲ ਅਥਾਰਟੀ

ਹਸਪਤਾਲ ਅਥਾਰਟੀ (HA) ਹਸਪਤਾਲ ਅਥਾਰਟੀ ਆਰਡੀਨੈਂਸ (ਕੈਪ. 113) ਅਧੀਨ ਸਥਾਪਿਤ ਇੱਕ ਕਾਨੂੰਨੀ ਸੰਸਥਾ ਹੈ, ਜੋ ਹਾਂਗਕਾਂਗ ਦੇ ਸਾਰੇ ਪਬਲਿਕ ਹਸਪਤਾਲਾਂ ਦਾ ਪ੍ਰਬੰਧਨ ਕਰਦੀ ਹੈ। HA ਹਸਪਤਾਲਾਂ, ਸਧਾਰਨ ਆਊਟ-ਪੇਸ਼ੈਂਟ ਕਲੀਨਿਕਾਂ, ਵਿਸ਼ੇਸ਼ ਆਊਟ-ਪੇਸ਼ੈਂਟ ਕਲੀਨਿਕਾਂ ਅਤੇ ਆਊਟਰੀਚਿੰਗ ਸੇਵਾਵਾਂ ਰਾਹੀਂ ਲੋਕਾਂ ਨੂੰ ਡਾਕਟਰੀ ਇਲਾਜ ਅਤੇ ਮੁੜ ਵਸੇਵਾ ਸੇਵਾਵਾਂ ਪ੍ਰਦਾਨ ਕਰਦੀ ਹੈ।

**ਸੰਬੰਧਿਤ ਸੇਵਾਵਾਂ**

- HA 43 ਪਬਲਿਕ ਹਸਪਤਾਲਾਂ ਅਤੇ ਸੰਸਥਾਵਾਂ, 49 ਵਿਸ਼ੇਸ਼ ਆਊਟ-ਪੇਸ਼ੈਂਟ ਕਲੀਨਿਕਾਂ ਅਤੇ 74 ਜਨਰਲ ਆਊਟ-ਪੇਸ਼ੈਂਟ ਕਲੀਨਿਕਾਂ ਦਾ ਪ੍ਰਬੰਧਨ ਕਰਦਾ ਹੈ। ਇਸ ਨੂੰ ਸਥਾਨਾਂ ਦੇ ਅਧਾਰ 'ਤੇ ਸੱਤ ਹਸਪਤਾਲ ਸਮੂਹ ਵਿੱਚ ਸੰਗਠਿਤ ਕੀਤਾ ਗਿਆ ਹੈ।

- ਹਸਪਤਾਲਾਂ ਦਾ ਸਮੂਹ ਇਹ ਸੁਨਿਸ਼ਚਿਤ ਕਰਦਾ ਹੈ ਕਿ ਰੋਗੀਆਂ ਨੂੰ ਉਨ੍ਹਾਂ ਦੇ ਭੂਗੋਲਿਕ ਸਥਾਨ ਦੇ ਅੰਦਰ ਅਤੇ ਬਿਮਾਰੀ ਦੇ ਉਨ੍ਹਾਂ ਦੇ ਸਾਰੇ ਪੜਾਆਂ ਦੌਰਾਨ ਉੱਚ ਗੁਣਵੱਤਾ ਦੀ ਦੇਖਭਾਲ ਇਕਸਾਰਤਾ ਨਾਲ ਪ੍ਰਾਪਤ ਹੋਵੇ - ਗੰਭੀਰ ਪੜਾਅ ਤੋਂ ਸਵੱਛਤਾ, ਮੁੜ ਵਸੇਬੇ ਅਤੇ ਕਮਿਊਨਿਟੀ ਦੁਆਰਾ ਬਾਅਦ ਵਿੱਚ ਦੇਖਭਾਲ ਨਾਲ। ਇਹ ਹਰੇਕ ਸਮੂਹ ਦੇ ਅੰਦਰ ਹਸਪਤਾਲਾਂ ਦੇ ਕੰਮਕਾਜ ਨੂੰ ਤਰਕਸ਼ੀਲ ਬਣਾ ਕੇ ਪ੍ਰਾਪਤ ਕੀਤਾ ਜਾਂਦਾ ਹੈ, ਤਾਂ ਜੋ ਕਮਿਊਨਿਟੀ ਨੂੰ ਸੇਵਾਵਾਂ ਦੀ ਇੱਕ ਵਿਆਪਕ ਅਤੇ ਪੂਰਕ ਸੀਮਾ ਦਿੱਤੀ ਜਾ ਸਕੇ।

- ਸਾਡੀ ਕਮਿਊਨਿਟੀ ਦੀ ਸਿਹਤ ਨੂੰ ਉਤਸ਼ਾਹਿਤ ਅਤੇ ਸੁਰੱਖਿਅਤ ਕਰਨਾ HA ਦੀ ਨੀਤੀ ਹੈ। ਜਨਤਕ ਸਿਹਤ ਸੇਵਾਵਾਂ ਆਮ ਜਨਤਾ ਲਈ ਉਹਨਾਂ ਦੀਆਂ ਨਸਲਾਂ ਅਤੇ ਜਾਤੀ ਨੂੰ ਧਿਆਨ ਵਿੱਚ ਨਾ ਰੱਖਦੇ ਹੋਏ ਸਭ ਲਈ ਉਪਲੱਬਧ ਹਨ। ਨਸਲੀ ਘੱਟਗਿਣਤੀਆਂ ਨੂੰ ਜਨਤਕ ਸਿਹਤ ਸੰਭਾਲ ਸੇਵਾਵਾਂ ਤੱਕ ਪਹੁੰਚ ਲਈ ਸਹੂਲਤਾਂ ਦੇਣ ਲਈ ਵਿਸ਼ੇਸ਼ ਉਪਾਅ ਕੀਤੇ ਗਏ ਹਨ।

**ਮੌਜੂਦਾ ਉਪਾਅ**

- ਵੱਖ-ਵੱਖ ਜਾਤੀਆਂ ਦੇ ਉਪਭੋਗਤਾਵਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ, ਜਨਤਕ ਹਸਪਤਾਲਾਂ ਅਤੇ HA ਦੇ ਕਲੀਨਿਕਾਂ ਵਿੱਚ ਸੇਵਾ ਠੇਕੇਦਾਰ, ਅਦਾਲਤੀ ਪ੍ਰਸ਼ਾਸਨ ਲਈ ਸੁਤੰਤਰ ਦੁਭਾਸ਼ਿਏ ਅਤੇ ਕੌਂਸਲੇਟ ਦਫਤਰਾਂ ਦੁਆਰਾ ਵਿਆਖਿਆ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸੇਵਾ ਠੇਕੇਦਾਰ ਦੁਆਰਾ ਪ੍ਰਦਾਨ ਕੀਤੀ ਵਿਆਖਿਆ ਸੇਵਾ 17 ਭਾਸ਼ਾਵਾਂ[1] (ਭਾਵ ਅਰਬੀ, ਬਹਾਸਾ ਇੰਡੋਨੇਸ਼ੀਆ, ਬੰਗਾਲੀ, ਫ੍ਰੈਂਚ, ਜਰਮਨ, ਹਿੰਦੀ, ਜਾਪਾਨੀ, ਕੋਰੀਅਨ, ਨੇਪਾਲੀ, ਪੰਜਾਬੀ, ਪੁਸ਼ਤੋ, ਸਿੰਹਾਲੀ, ਸਪੈਨਿਸ਼, ਤਾਗਾਲੋਗ (ਫਿਲੀਪੀਨਜ਼), ਥਾਈ, ਉਰਦੂ ਅਤੇ ਵੀਅਤਨਾਮੀ)।

- ਨਿਰਧਾਰਿਤ ਸੇਵਾ ਲਈ (ਜਿਵੇਂ ਕਿ ਵਿਸ਼ੇਸ਼ ਅਤੇ ਸਧਾਰਨ ਆਊਟ-ਪੇਸ਼ੈਂਟ ਦੀਆਂ ਡਾਕਟਰੀ ਮੁਲਾਕਾਤਾਂ), ਮਰੀਜ਼ ਹਸਪਤਾਲ ਅਤੇ ਕਲੀਨਿਕ ਨੂੰ ਪਹਿਲਾਂ ਤੋਂ ਵਿਆਖਿਆ ਸੇਵਾ ਦਾ ਪ੍ਰਬੰਧ ਕਰਨ ਲਈ ਬੇਨਤੀ ਕਰ ਸਕਦੇ ਹਨ। ਗੈਰ-ਨਿਰਧਾਰਿਤ ਸੇਵਾ ਲਈ (ਜਿਵੇਂ ਕਿ ਐਮਰਜੈਂਸੀ ਦੌਰਾਨ ਹਸਪਤਾਲ ਵਿੱਚ ਦਾਖਲਾ), ਹਸਪਤਾਲ ਦੇ ਅਮਲੇ ਜਿੰਨੀ ਜਲਦੀ ਹੋ ਸਕੇ, ਟੈਲੀਫੋਨ/ਵੀਡਿਓ-ਕਾਲ ਵਿਆਖਿਆ ਸੇਵਾਵਾਂ ਜਾਂ ਸਾਈਟ ਦੀ ਵਿਆਖਿਆ ਸੇਵਾ ਦੇ ਤੁਰੰਤ ਪ੍ਰਬੰਧ ਦੀ ਵਿਵਸਥਾ ਕਰਨਗੇ।

---

[1] HA ਦਾ ਸੇਵਾ ਠੇਕੇਦਾਰ ਸੰਕੇਤਕ ਭਾਸ਼ਾ ਦੀ ਵਿਆਖਿਆ ਦੀਆਂ ਸੇਵਾਵਾਂ ਵੀ ਪ੍ਰਦਾਨ ਕਰਦਾ ਹੈ।

- ਜਨਤਕ ਹਸਪਤਾਲਾਂ ਅਤੇ ਕਲੀਨਿਕਾਂ ਵਿੱਚ ਵਿਆਖਿਆ ਸੇਵਾ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ, HA, ਵਿਆਖਿਆ ਸੇਵਾ ਠੇਕੇਦਾਰ ਦੁਆਰਾ ਹਸਪਤਾਲ ਅਤੇ ਕਲੀਨਿਕਾਂ, ਡਾਕਟਰੀ ਸ਼ਬਦਾਵਲੀ ਅਤੇ ਸੰਕ੍ਰਮਣ ਨਿਯੰਤਰਣ ਦੇ ਸੰਚਾਲਨ ਬਾਰੇ ਆਮ ਗਿਆਨ ਬਾਰੇ ਸਿਖਲਾਈ ਸਾਰੇ ਦੁਭਸ਼ਾਈਆਂ ਨੂੰ ਦਿੱਤੀ ਜਾਂਦੀ ਹੈ ਤਾਂ ਜੋ ਦੁਭਾਸ਼ੀਏ ਵੱਖ-ਵੱਖ ਜਾਤੀਆਂ ਦੇ ਉਪਭੋਗਤਾਵਾਂ ਲਈ ਤੁਰੰਤ ਅਤੇ ਸਹੀ ਢੰਗ ਨਾਲ ਵਿਆਖਿਆ ਸੇਵਾਵਾਂ ਪ੍ਰਦਾਨ ਕਰ ਸਕਣ। ਬਹੁ-ਭਾਸ਼ਾਈ ਪੋਸਟਰ ਜਨਤਕ ਹਸਪਤਾਲਾਂ ਅਤੇ ਕਲੀਨਿਕਾਂ (ਜਿਵੇਂ ਪੁੱਛਗਿੱਛ ਅਤੇ ਰਜਿਸਟ੍ਰੇਸ਼ਨ ਕਾਊਂਟਰਾਂ) ਦੀਆਂ ਵੱਖ-ਵੱਖ ਜਾਤੀਆਂ ਦੇ ਉਪਭੋਗਤਾਵਾਂ ਲਈ ਪ੍ਰਚਾਰ ਅਤੇ ਸਮਝਾਉਣ, ਕਿ ਸੇਵਾਵਾਂ ਲਈ ਬੇਨਤੀ ਕਿਵੇਂ ਕਰਨਾ ਹੈ, ਦੀ ਮਦਦ ਕਰਨ ਲਈ ਸਪੱਸ਼ਟ ਸਥਾਨਾਂ 'ਤੇ ਲਗਾਏ ਗਏ ਹਨ।

- HA ਦੀ ਵਿਆਖਿਆ ਸੇਵਾਵਾਂ ਦੇ ਪ੍ਰਬੰਧ ਸੰਬੰਧੀ ਦਿਸ਼ਾ ਨਿਰਦੇਸ਼ ਹਨ। HA ਸਟਾਫ ਠੇਕੇਦਾਰ ਦੇ 24 ਘੰਟਿਆਂ ਦੇ ਕਾਲ ਸੈਂਟਰ ਨਾਲ ਸੰਪਰਕ ਕਰਕੇ ਵਿਅਕਤੀਗਤ ਮਾਮਲਿਆਂ ਦੀਆਂ ਜ਼ਰੂਰਤਾਂ ਜਾਂ ਮਰੀਜ਼ਾਂ ਦੀਆਂ ਬੇਨਤੀਆਂ ਦੇ ਅਨੁਸਾਰ ਸਥਾਨ 'ਤੇ ਜਾਂ ਟੈਲੀਫੋਨ ਵਿਆਖਿਆ ਸੇਵਾਵਾਂ ਦਾ ਪ੍ਰਬੰਧ ਕਰੇਗਾ।

- ਜਨਤਕ ਹਸਪਤਾਲਾਂ ਅਤੇ ਕਲੀਨਿਕਾਂ ਵਿੱਚ ਵੱਖ-ਵੱਖ ਜਾਤੀਆਂ ਦੇ ਉਪਭੋਗਤਾਵਾਂ ਨਾਲ ਸੰਚਾਰ ਦੀ ਸਹੂਲਤ ਲਈ, HA ਨੇ ਹਸਪਤਾਲ ਅਤੇ ਆਪਸ ਵਿਚ ਸੰਚਾਰ ਵਧਾਉਣ ਲਈ ਆਪਣੇ ਫਰੰਟਲਾਈਨ ਸਟਾਫ ਨੂੰ ਕਈ ਭਾਸ਼ਾਵਾਂ ਵਿੱਚ ਉੱਤਰ ਲਈ ਕਲੀਨਿਕ ਸਟਾਫ ਅਤੇ ਮਰੀਜ਼ਾਂ, ਅਤੇ ਸੇਵਾਵਾਂ ਦੀ ਰਜਿਸਟਰੀਕਰਣ ਅਤੇ ਪ੍ਰਬੰਧਨ ਦੀ ਸਹੂਲਤ ਲਈ ਕਯੂ ਕਾਰਡਾਂ, ਬਿਮਾਰੀ ਸੰਬੰਧੀ ਜਾਣਕਾਰੀ ਸ਼ੀਟਾਂ ਅਤੇ ਮਰੀਜ਼ਾਂ ਦੀ ਸਹਿਮਤੀ ਫਾਰਮ, ਆਦਿ ਪ੍ਰਦਾਨ ਕੀਤੇ ਹਨ। ਇਨ੍ਹਾਂ ਦਸਤਾਵੇਜ਼ਾਂ ਵਿੱਚ ਕੁਝ ਆਮ ਬਿਮਾਰੀਆਂ (ਜਿਵੇਂ ਸਿਰਦਰਦ, ਛਾਤੀ ਵਿੱਚ ਦਰਦ ਅਤੇ ਬੁਖਾਰ), ਇਲਾਜ ਦੀਆਂ ਪ੍ਰਕਿਰਿਆਵਾਂ (ਉਦਾ. ਬਲੱਡ ਟ੍ਰਾਂਸਫਿਊਜ਼ਨ, ਰੇਡੀਏਸ਼ਨ ਤੋਂ ਸੁਰੱਖਿਆ) ਅਤੇ HA ਦੀ ਸੇਵਾ (ਜਿਵੇਂ ਫੀਸਾਂ ਅਤੇ ਚਾਰਜ, ਦੁਰਘਟਨਾ ਅਤੇ ਐਮਰਜੈਂਸੀ ਵਿਭਾਗ ਵਿੱਚ ਟ੍ਰਾਈਜ ਸ਼੍ਰੇਣੀ) ਦੇ ਵੇਰਵੇ ਹੁੰਦੇ ਹਨ। HA 18 ਭਾਸ਼ਾਵਾਂ, ਜਿਵੇਂ ਅਰਬੀ, ਬੰਗਾਲੀ, ਫ੍ਰੈਂਚ, ਜਰਮਨ, ਹਿੰਦੀ, ਇੰਡੋਨੇਸ਼ੀਆਈ, ਜਾਪਾਨੀ, ਕੋਰੀਅਨ, ਮਲੇਸ਼ੀਅਨ, ਨੇਪਾਲੀ, ਪੁਰਤਗਾਲੀ, ਪੰਜਾਬੀ, ਰੂਸੀ, ਸਪੈਨਿਸ਼, ਤਾਗਾਲੋਗ (ਫਿਲੀਪੀਨਜ਼), ਥਾਈ, ਉਰਦੂ ਅਤੇ ਵੀਅਤਨਾਮੀ ਵਿੱਚ ਪ੍ਰਤਿਕ੍ਰਿਆ ਕਯੂ ਕਾਰਡ, ਬਿਮਾਰੀ ਸੰਬੰਧੀ ਜਾਣਕਾਰੀ ਦੀਆਂ ਸ਼ੀਟਾਂ ਅਤੇ ਮਰੀਜ਼ਾਂ ਦੀ ਸਹਿਮਤੀ ਫਾਰਮ ਪ੍ਰਦਾਨ ਕਰਦਾ ਹੈ।

- HA ਸਮੂਹਿਕ ਪੱਧਰ 'ਤੇ ਵੱਖ-ਵੱਖ ਜਾਤੀਆਂ ਦੇ ਉਪਭੋਗਤਾਵਾਂ ਦੇ ਸਭਿਆਚਾਰਕ ਅਤੇ ਵਿਤਕਰੇ ਵਿਰੋਧੀ ਆਰਡੀਨੈਂਸਾਂ ਦੀ ਉਨ੍ਹਾਂ ਦੀ ਸੇਵਾ ਜ਼ਰੂਰਤ ਦੇ ਅਨੁਸਾਰ ਸੈਮੀਨਾਰ ਜਾਂ ਸਿਖਲਾਈ ਕੋਰਸਾਂ ਦਾ ਆਯੋਜਨ ਕਰ ਰਿਹਾ ਹੈ। HA ਈ-ਲਰਨਿੰਗ ਸੈਂਟਰ ਵਿਭਿੰਨ ਜਾਤੀਆਂ ਦੇ ਉਪਭੋਗਤਾਵਾਂ ਨਾਲ ਸੰਚਾਰ ਬਾਰੇ ਇੱਕ ਈ-ਕੋਰਸਵੇਅਰ ਪੇਸ਼ ਕਰਦਾ ਹੈ, ਜਿਸ ਵਿੱਚ ਉਨ੍ਹਾਂ ਦੇ ਸਭਿਆਚਾਰ ਬਾਰੇ ਜਾਣਕਾਰੀ ਅਤੇ ਹਸਪਤਾਲ ਦੀ ਵਿਆਖਿਆ ਸੇਵਾ ਦੇ ਢੁਕਵੇਂ ਪ੍ਰਬੰਧ ਸ਼ਾਮਿਲ ਹਨ। ਇਨ੍ਹਾਂ ਸਿਖਲਾਈ ਕੋਰਸਾਂ ਦੇ ਭਾਗੀਦਾਰਾਂ ਵਿੱਚ ਹਸਪਤਾਲਾਂ ਅਤੇ ਕਲੀਨਿਕਾਂ ਪੁੱਛਗਿੱਛ ਕਾਊਂਟਰਾਂ 'ਤੇ ਕੰਮ ਕਰਨ ਵਾਲੇ ਫਰੰਟਲਾਈਨ ਸਟਾਫ, ਨਰਸਾਂ ਅਤੇ ਕਲੈਰੀਕਲ ਸਟਾਫ  ਸ਼ਾਮਿਲ ਹੁੰਦੇ ਹਨ। ਇਸ ਤੋਂ ਇਲਾਵਾ, ਵੱਖ-ਵੱਖ ਨਸਲ ਦੇ ਉਪਭੋਗਤਾਵਾਂ ਬਾਰੇ ਢੁਕਵੀਂ ਜਾਣਕਾਰੀ ਨੂੰ ਨਵੇਂ ਸਟਾਫ਼ ਲਈ ਓਰੀਐਂਟੇਸ਼ਨ ਪ੍ਰੋਗਰਾਮ ਵਿੱਚ ਸ਼ਾਮਿਲ ਕੀਤਾ ਗਿਆ ਹੈ। ਅਪ੍ਰੈਲ  2020 ਤੋਂ ਮਾਰਚ 2023 ਤੱਕ ਦੇ ਸਮੇਂ ਦੌਰਾਨ, ਉਕਤ ਸਿਖਲਾਈ ਅਤੇ ਈ-ਕੋਰਸਵੇਅਰ ਦੀ ਹਾਜ਼ਰੀ ਦੀ ਕੁੱਲ ਸੰਖਿਆ  36 000 ਤੋਂ ਵੱਧ ਹੈ।

| | | |
|---|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | ● | ਅਪ੍ਰੈਲ 2021 ਤੋਂ ਮਾਰਚ 2022 ਅਤੇ ਅਪ੍ਰੈਲ 2022 ਤੋਂ ਮਾਰਚ 2023 ਦੇ ਦਰਮਿਆਨ ਤਕਰੀਬਨ 7 408 ਅਤੇ 8 105 ਅਜਿਹੇ ਕੇਸ ਸਨ ਜਿੱਥੇ HA ਦੇ ਪ੍ਰਬੰਧਨ ਅਧੀਨ ਸਰਕਾਰੀ ਹਸਪਤਾਲਾਂ ਅਤੇ ਕਲੀਨਿਕਾਂ ਵਿੱਚ ਵੱਖ-ਵੱਖ ਜਾਤੀਆਂ ਦੇ ਉਪਭੋਗਤਾਵਾਂ ਨੂੰ ਵਿਆਖਿਆ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਸਨ। ਸੇਵਾ ਉਪਭੋਗਤਾਵਾਂ ਦੁਆਰਾ ਪ੍ਰਤੀਕ੍ਰਿਆ ਦਰਸਾਉਂਦੀ ਹੈ ਕਿ ਸੇਵਾਵਾਂ ਤਸੱਲੀਬਖਸ਼ ਹਨ। HA ਵਿਆਖਿਆ ਸੇਵਾਵਾਂ ਬਾਰੇ ਉਪਯੋਗਤਾ ਅਤੇ ਉਪਭੋਗਤਾਵਾਂ ਦੇ ਫੀਡਬੈਕ ਦੀ ਨਿਗਰਾਨੀ ਕਰਦਾ ਰਹੇਗਾ। |
| ਕੀਤੇ ਗਏ/ਕੀਤੇ ਜਾਣ ਵਾਧੂ ਉਪਾਅ | ● | ਵੱਖ-ਵੱਖ ਜਾਤੀਆਂ ਦੇ ਉਪਭੋਗਤਾਵਾਂ ਦੀਆਂ ਸੇਵਾਵਾਂ ਦੀਆਂ ਲੋੜਾਂ ਦੀ ਪੂਰਤੀ ਲਈ, ਵਿਸ਼ੇਸ਼ ਖੁਰਾਕ ਜਿਵੇਂ ਕਿ ਹਲਾਲ ਭੋਜਨ HA ਹਸਪਤਾਲਾਂ ਵਿੱਚ ਉਪਲੱਬਧ ਹੈ। |
| | ● | HA ਨੇ 2015 ਦੇ ਅੱਧ ਵਿੱਚ ਵੰਨ-ਸੁਵੰਨੀਆਂ ਨਸਲਾਂ ਦੇ ਉਪਭੋਗਤਾਵਾਂ ਲਈ ਇੱਕ ਸਮਰਪਿਤ ਵੈਬਸਾਈਟ ਲਾਂਚ ਕੀਤੀ, ਜਿਸ ਵਿੱਚ ਜ਼ਰੂਰੀ ਜਾਣਕਾਰੀ ਪ੍ਰਦਾਨ ਕੀਤੀ ਗਈ ਜੋ HA ਦੀ ਵੈਬਸਾਈਟ 'ਤੇ ਪੰਜ ਭਾਸ਼ਾਵਾਂ ਵਿੱਚ ਹੈ, ਜਿਸ ਵਿੱਚ ਹਿੰਦੀ, ਨੇਪਾਲੀ, ਪੰਜਾਬੀ (ਭਾਰਤੀ), ਪੰਜਾਬੀ (ਪਾਕਿਸਤਾਨੀ) ਅਤੇ ਉਰਦੂ ਸ਼ਾਮਿਲ ਹਨ। ਵੈਬਸਾਈਟ ਵਿੱਚ HA ਅਤੇ ਦੁਰਘਟਨਾ ਅਤੇ ਐਮਰਜੈਂਸੀ ਸੇਵਾ ਦੀ ਜਾਣਕਾਰੀ ਨਾਲ-ਨਾਲ ਪਤੇ, ਟੈਲੀਫੋਨ ਨੰਬਰ ਅਤੇ ਆਮ ਮਰੀਜ਼ਾਂ ਦੇ ਕਲੀਨਿਕਾਂ ਦੇ ਸਲਾਹ-ਮਸ਼ਵਰੇ ਦੇ ਘੰਟੇ ਸ਼ਾਮਿਲ ਹੁੰਦੇ ਹਨ। ਵੈਬਸਾਈਟ ਦਾ ਨਵੀਨੀਕਰਨ ਫਰਵਰੀ 2017 ਵਿੱਚ ਸਮੱਗਰੀ ਨੂੰ ਹੋਰ ਤਿੰਨ ਭਾਸ਼ਾਵਾਂ, ਜਿਵੇਂ ਬਹਾਸਾ ਇੰਡੋਨੇਸ਼ੀਆ, ਤਾਗਾਲੋਗ ਅਤੇ ਥਾਈ ਵਿੱਚ ਉਪਲੱਬਧ ਕਰਾਉਣ ਲਈ ਪੂਰਾ ਕੀਤਾ ਗਿਆ ਸੀ, ਤਾਂ ਜੋ ਵਧੇਰੇ ਜਾਤੀ ਸਮੂਹ HA ਦੁਆਰਾ ਮੁਹੱਈਆ ਕਰਵਾਈ ਗਈ ਜਾਣਕਾਰੀ ਨੂੰ ਬਿਹਤਰ ਤਰੀਕੇ ਨਾਲ ਸਮਝ ਸਕਣ। |
| | ● | HA ਦੀ ਸਮਾਰਟ ਪੇਸ਼ੈਂਟ ਵੈਬਸਾਈਟ (SPW) ਇੱਕਲਾ ਅਜਿਹਾ ਇਲੈਕਟ੍ਰਾਨਿਕ ਪਲੇਟਫਾਰਮ ਹੈ ਜਿਸ ਵਿੱਚ ਬਿਮਾਰੀ ਪ੍ਰਬੰਧਨ ਅਤੇ ਕਮਿਊਨਿਟੀ ਸਰੋਤਾਂ ਬਾਰੇ ਜਾਣਕਾਰੀ ਹੈ ਜੋ ਮਰੀਜ਼ਾਂ ਅਤੇ ਉਨ੍ਹਾਂ ਦੇ ਦੇਖਭਾਲ ਕਰਨ ਵਾਲਿਆਂ ਨੂੰ ਸ਼ਕਤੀਸ਼ਾਲੀ ਬਣਾਉਂਦੀ ਹੈ। ਹਾਂਗਕਾਂਗ ਵਿੱਚ ਵੱਖ-ਵੱਖ ਜਾਤੀ ਦੇ ਉਪਭੋਗਤਾਵਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ, HA ਨੇ ਸਾਲ 2016 ਵਿੱਚ SPW ਉੱਤੇ ਇੱਕ ਬਿਮਾਰੀ ਬਾਰੇ ਜਾਣਕਾਰੀ ਵਾਲਾ ਵੈੱਬਪੇਜ ਬਣਾਇਆ ਜੋ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ (ਭਾਰਤੀ), ਪੰਜਾਬੀ (ਪਾਕਿਸਤਾਨੀ), ਤਾਗਾਲੋਗ, ਥਾਈ ਅਤੇ ਉਰਦੂ ਅੱਠ ਭਾਸ਼ਾਵਾਂ ਵਿੱਚ ਕੈਂਸਰ, ਗੰਭੀਰ ਬਿਮਾਰੀਆਂ ਅਤੇ ਹੋਰ ਬਿਮਾਰੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਬਿਮਾਰੀ ਦੀ ਜਾਣਕਾਰੀ ਦੀਆਂ ਉਦਾਹਰਣਾਂ ਵਿੱਚ ਕੋਰੋਨਰੀ ਦਿਲ ਦੇ ਰੋਗ, ਗੁਰਦਿਆਂ ਦਾ ਫੇਲ੍ਹ ਹੋਣਾ, ਸ਼ੂਗਰ ਰੋਗ, ਪਾਗਲਪਨ, ਹਾਈਪਰਟੈਨਸ਼ਨ, ਸਟ੍ਰੋਕ, ਵੱਖ-ਵੱਖ ਕੈਂਸਰ ਅਤੇ ਮਾਨਸਿਕ ਰੋਗ ਸ਼ਾਮਿਲ ਹਨ। ਇਸ ਤੋਂ ਇਲਾਵਾ, ਮਰੀਜ਼ਾਂ ਨੂੰ ਦੇਖਭਾਲ ਦੇ ਸੁਝਾਵ ਜਿਵੇਂ ਫਿਜਿਯੋਥੇਰੇਪੀ ਅਤੇ ਸਟ੍ਰੋਕ ਦੇ ਮਰੀਜਾਂ ਲਈ ਘਰੇਲੂ ਵਿਯਾਯਾਮ, ਇੰਸੁਲਿਨ ਇੰਜੇਕਸ਼ਨ ਲਗਾਣ ਦੇ ਸੁਝਾਵਾਂ ਤੋਂ ਲੈਂਸ ਕਰਨ ਦੀ ਜਾਣਕਾਰੀ ਨੂੰ ਵੀ ਸ਼ਾਮਿਲ ਕੀਤਾ ਗਿਆ। HA ਬਿਮਾਰੀ ਪ੍ਰਬੰਧਨ ਅਤੇ ਵੱਖ-ਵੱਖ ਜਾਤੀ ਦੇ ਉਪਭੋਗਤਾਵਾਂ ਨੂੰ ਸਵੈ-ਦੇਖਭਾਲ ਦੀਆਂ ਕਾਬਲੀਅਤਾਂ ਨੂੰ ਬਿਹਤਰ ਬਣਾਉਣ ਲਈ SPW ਨੂੰ ਬਿਹਤਰ ਬਣਾਉਂਦਾ ਰਹੇਗਾ। |

- ਮਾਰਚ 2019 ਤੋਂ, ਵਿਸ਼ੇਸ਼ ਆਊਟ-ਪੇਸ਼ੈਂਟ ਕਲੀਨਿਕਾਂ ਵਿੱਚ ਵੱਖ-ਵੱਖ ਜਾਤੀਆਂ ਦੇ ਉਪਭੋਗਤਾਵਾਂ ਦੀਆਂ ਵਿਆਖਿਆ ਬੇਨਤੀਆਂ ਅਤੇ ਤਰਜੀਹੀ ਭਾਸ਼ਾਵਾਂ ਨੂੰ ਰੋਗੀ ਮਾਸਟਰ ਇੰਡੈਕਸ ਵਿੱਚ ਫੜ ਲਿਆ ਗਿਆ ਹੈ, ਤਾਂ ਜੋ ਮਰੀਜ਼ਾਂ ਦੀਆਂ ਜ਼ਰੂਰਤਾਂ ਪ੍ਰਤੀ ਸਟਾਫ ਦੀ ਜਾਗਰੂਕਤਾ ਨੂੰ ਵਧਾਇਆ ਜਾ ਸਕੇ ਅਤੇ ਵਿਆਖਿਆ ਸੇਵਾਵਾਂ ਦਾ ਪ੍ਰਬੰਧਨ ਕਰਨ ਦੀ ਵਿਧੀ ਨੂੰ ਸੁਚਾਰੂ ਬਣਾਇਆ ਜਾ ਸਕੇ।

- HA ਜਨਤਕ ਸਿਹਤ ਸੇਵਾਵਾਂ ਵਿੱਚ ਵੰਨ-ਸੁਵੰਨੀਆਂ ਨਸਲਾਂ ਦੀ ਵਰਤੋਂ ਕਰਨ ਵਾਲਿਆਂ ਦੀ ਸਹੂਲਤ ਲਈ ਆਪਣੇ ਯਤਨਾਂ ਨੂੰ ਜਾਰੀ ਰੱਖੇਗੀ ਅਤੇ ਢੁਕਵੇਂ ਸਹਾਇਕ ਉਪਾਆਂ ਨੂੰ ਵਧਾਏਗੀ।

ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਦੇ ਮੌਜੂਦਾ ਅਤੇ ਯੋਜਨਾਬੱਧ ਉਪਾਆਂ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਹਸਪਤਾਲ ਅਥਾਰਟੀ ਦੇ ਮੁੱਖ ਦਫਤਰ ਨਾਲ ਸੰਪਰਕ ਕਰੋ –

| | | |
|---|---|---|
| ਟੈਲੀਫੋਨ ਨੰ. | : | (852) 2300 6555 |
| ਫੈਕਸ ਨੰ. | : | (852) 2890 7726 |
| ਈਮੇਲ | : | enquiry@ha.org.hk |
| ਡਾਕ ਪਤਾ | : | Hospital Authority Building<br>147B Argyle Street<br>Kowloon<br>Hong Kong |

**ਹਸਪਤਾਲ ਅਥਾਰਟੀ**
ਮਈ 2023